# ਦਫ਼ਤਰ ਨਗਰ ਪੰਚਾਇਤ ਕੋਟ ਸ਼ਮੀਰ ਜਿਲ੍ਹਾ ਬਠਿੰਡਾ।

## ਪਬਲਿਕ ਨੋਟਿਸ

ਨਗਰ ਪੰਚਾਇਤ ਕੋਟ ਸ਼ਮੀਰ ਦੇ ਮਤਾ ਨੰ:11 ਮਿਤੀ 07-07-2021 ਰਾਹੀ 15 ਸਫਾਈ ਸੇਵਕ ਰੱਖਣ ਲਈ ਮਤਾ ਪਾਇਆ ਗਿਆ ਹੈ ਜਿਸ ਦੀ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: ਸ1-ਜਬ-ਡਸਸ-2021/31896 ਮਿਤੀ 10-08-2021 ਰਾਹੀ ਸਫਾਈ ਸੇਵਕਾ ਦੀ ਭਰਤੀ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ।ਨਗਰ ਪੰਚਾਇਤ ਕੋਟ ਸ਼ਮੀਰ ਵਲੋਂ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਸਮੇਂ-ਸਮੇਂ ਤੇ ਨਿਰਧਾਰਿਤ ਲੇਬਰ ਰੇਟਾਂ ਦੀ ਅਦਾਇਗੀ ਤੇ ਠੇਕਾ ਆਧਾਰ ਤੇ 15 ਸਫਾਈ ਸੇਵਕਾ ਦੀ ਨਿਯੁਕਤੀ ਕੀਤੀ ਜਾਣੀ ਹੈ।ਇਸ ਲਈ ਪੰਜਾਬ ਦੇ ਵਸਨੀਕ ਉਮੀਦਵਾਰਾਂ ਤੋਂ ਮਿਤੀ 20-09-2021 ਤੱਕ ਹੇਠ ਲਿਖੇ ਪ੍ਰੋਫਰਮੇ ਵਿੱਚ ਬਿਨੈ ਪੱਤਰਾ ਦੀ ਮੰਗ ਕੀਤੀ ਜਾਂਦੀ ਹੈ।ਚਾਹਵਾਨ ਉਮੀਦਵਾਰ ਮਿਤੀ 20-09-2021 ਸ਼ਾਮ 5 ਵਜੇ ਤੱਕ ਰਜਿਸਟਰਡ ਡਾਕ ਰਾਹੀ ਜਾਂ ਦਸਤੀ ਤੌਰ ਤੇ ਬਿਨੈ ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆ) ਦਫਤਰ ਨਗਰ ਪੰਚਾਇਤ ਕੋਟ ਸ਼ਮੀਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੌਰ ਨਹੀ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵੱਲੋ ਬਿਨੈ ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆ ਜਾਣ।ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰਾਂ ਵਿਰੁੱਧ ਕੋਈ ਵੀ ਫੌਜਦਾਰੀ ਕੇਸ਼ ਨਾ ਚੱਲ ਰਿਹਾ ਹੋਵੇ, ਸਬੰਧੀ ਵੀ ਸਵੈ ਘੋਸ਼ਣਾ ਪੱਤਰ ਨਾਲ ਨੱਥੀ ਕੀਤਾ ਜਾਵੇ।

ਚਾਹਵਾਨ ਉਮੀਦਵਾਰਾਂ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਇਨ੍ਹਾਂ ਨਿਯੁਕਤੀਆ ਵਿੱਚ ਪੰਜਾਬ ਸਰਕਾਰ ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ।ਸਫਾਈ ਕਰਮਚਾਰੀਆਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀ ਹਦਾਇਤ ਅਨੁਸਾਰ ਸਫਾਈ ਸੇਵਕਾਂ ਦੀਆ ਨਿਯੁਕਤੀਆ ਲਈ ਪੰਜਾਬ ਸਰਕਾਰ /ਸਥਾਨਕ ਸਰਕਾਰ ਵਿਭਾਗ ਅਰਧ ਸਰਕਾਰੀ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ ਘੱਟ ਉਮਰ ਵਿੱਚ ਚਾਹਵਾਨ ਉਮੀਦਵਾਰ ਦੇ ਤਜਰਬੇ ਦੇ ਬਰਾਬਰ ਛੋਟ ਦਿੱਤੀ ਜਾਵੇਗੀ।ਨਿਯੁਕਤੀ ਲਈ ਕੋਈ ਇੰਟਰਵਿਊ ਨਹੀ ਲਈ ਜਾਵੇਗੀ। ਕਿਸੇ ਵੀ ਕਰਮਚਾਰੀ ਦਾ ਕੰਮ ਤਸੱਲੀ ਬਖਸ਼ ਨਾ ਹੋਣ ਦੀ ਸੂਰਤ ਵਿੱਚ ਨਗਰ ਪੰਚਾਇਤ ਕੋਟ ਸ਼ਮੀਰ ਪਾਸ ਉਸ ਦੀਆਂ ਸੇਵਾਵਾਂ ਸਮਾਪਤ ਕਰਨ ਦਾ ਅਧਿਕਾਰ ਰਾਖਵਾ ਹੋਵੇਗਾ।

ਨਗਰ ਪੰਚਾਇਤ ਕੋਟ ਸ਼ਮੀਰ ਵਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕਾਂ ਤੇ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ,ਸੋਲਿਡ ਵੇਸਟ ਦੇਖ ਭਾਲ ਦੇ ਕੰਮ,ਸਵੱਛ ਭਾਰਤ ਮਿਸ਼ਨ ਦੇ ਕੰਮ ਅਤੇ ਮਾਲੀ /ਬੇਲਦਾਰ/ਕੁਲੀ ਦੇ ਕੰਮ ਤੋਂ ਇਲਾਵਾ ਨਗਰ ਪੰਚਾਇਤ/ਸਰਕਾਰ ਦੀਆਂ ਹਦਾਇਤਾ ਅਨੁਸਾਰ ਲੋੜ ਪੈਣ ਤੇ ਕਿਸੇ ਵੀ ਜਗ੍ਹਾ ਤੇ ਕੋਈ ਹੋਰ ਕੰਮ ਵੀ ਲਿਆ ਜਾ ਸਕਦਾ ਹੈ। ਇਸ ਇਸ਼ਤਿਹਾਰ ਵਿੱਚ ਜੇਕਰ ਕੋਈ ਸੋਧ ਹੁੰਦੀ ਹੈ ਤਾਂ ਇਸ ਦੀ ਸੂਚਨਾ ਅਖਬਾਰ /ਵੈਬਸਾਈਟ (http://lgpunjab.gov.in) ਰਾਹੀਂ ਦੇ ਦਿੱਤੀ ਜਾਵੇਗੀ।

ਪ੍ਰਧਾਨ, ਰਮਨਦੀਪ ਕੌਰ
ਨਗਰ ਪੰਚਾਇਤ ਕੋਟ ਸ਼ਮੀਰ।

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ ਕੋਟ ਸ਼ਮੀਰ।

ਕੰਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ ਪੱਤਰ ਲਈ ਪ੍ਰੋਫਾਰਮਾ

ਤਸਦੀਕ ਤਿੰਨ ਫੋਟੋਆ

| | | |
|---|---|---|
| 1 | ਉਮੀਦਵਾਰ ਦਾ ਨਾਮ | |
| 2 | ਪਿਤਾ/ਪਤੀ ਦਾ ਨਾਮ | |
| 3 | ਜਨਮ ਮਿਤੀ(ਸਬੂਤ ਨਾਲ ਨੱਥੀ) | |
| 4 | ਜਨਮ ਦਾ ਸਥਾਨ ਪੰਜਾਬ ਦਾ ਵਸਨੀਕ ਹੋਣ ਸਬੰਧੀ ਪੰਜਾਬ ਰੈਜੀਡੈਂਸ | |
| 5 | ਘਰ ਦਾ ਪੱਕਾ ਪਤਾ | |
| 6 | ਪੱਤਰ ਵਿਵਹਾਰ ਲਈ ਪਤਾ | |
| 7 | ਟੈਲੀਫੋਨ ਨੰ:/ਮੋਬਾਇਲ ਨੰ: | |
| 8 | ਕੈਟਾਗਿਰੀ (ਰਿਜਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਮਰੱਥ ਅਥਾਰਟੀ ਤੋਂ ਪ੍ਰਾਪਤ ਕੀਤੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ) | |
| 9 | ਕੀ ਪੰਜਾਬੀ ਪੜ ਲਿਖ ਸਕਦਾ ਹੈ ਹਾਂ ਜਾਂ ਨਹੀਂ() | |
| 10 | ੳ) ਤਜ਼ਰਬੇ ਵਾਲੀ ਸੰਸਥਾਂ ਦਾ ਨਾਂ: | |
| 11 | ਅ) ਤਜਰਬਾ (ਕਦੋ ਤੋਂ ਕਦੋ ਤੱਕ) ਸਵੈ ਤਸਦੀਕ ਕਾਪੀ ਨਾਲ ਨੱਥੀ ਕੀਤੀ ਜਾਵੇ। | |
| 12 | ਫੋਜਦਾਰੀ ਕੇਸ ਨਾ ਚੱਲਣ ਸਬੰਧੀ ਸਵੈ ਘੋਸ਼ਣਾ ਪੱਤਰ ਨਾਲ ਨੱਥੀ ਕਰੋ | |
| 13 | ਵਿੱਦਿਅਕ ਯੋਗਤਾ | |

| ਲੜੀ ਨੰ. | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾ ਦਾ ਪ੍ਰਤੀਸਤ |
|---|---|---|---|---|---|---|
| | | | | | | |
| | | | | | | |
| | | | | | | |

(ਨੋਟ:- ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫ਼ਸਰ/ਸੰਸਥਾਂ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ।

ਅ) ਈ.ਪੀ.ਐਫ. ਨੰਬਰ (ਜੇਕਰ ਹੈ ਤਾਂ)

ੲ) ਸੈਲਰੀ ਅਕਾਊਟ ਨੰਬਰ (ਬੈਂਕ ਡਿਟੇਲ)

ਸਵੈ ਘੋਸ਼ਣਾ

ਮੈ ........................................ਪੁੱਤਰ/ਪੁੱਤਰੀ/ਪਤਨੀ ਸ੍ਰੀ ........................................ ਉਮਰ ................ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ਼ ਨਹੀ ਚੱਲ ਰਿਹਾਂ।ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ।ਇਨ੍ਹਾਂ ਵਿੱਚ ਮੈ ਕੋਈ ਤੱਥ ਲੁਕਾਇਆ ਨਹੀ ਹੈ।ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਤਾਂ ਸਮਰੱਥਾ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਛੋਟ ਹੋਵੇਗੀ।

ਨੱਥੀ ਉਕਤ ਅਨੁਸਾਰ ਦਸਤਾਵੇਜ:-

ਸਥਾਨ:-

ਮਿਤੀ:-

ਉਮੀਦਵਾਰ ਦੇ ਹਸਤਾਖਰ